ਹਰਿਆਣਾ ਪੁਲਿਸ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਅੱਤਿਆਚਾਰ ਸਬੰਧੀ ਗੱਲਬਾਤ ਕਰਦੇ ਹੋਏ ਕਿਸਾਨ ਆਗੂ। ਤਸਵੀਰ : ਤੀਰਥ ਸਿੰਘ ਰੱਕੜ

ਸ਼ੰਭੂ ਵਿਖੇ ਪੁਲਿਸ ਵਲੋਂ ਕਿਸਾਨਾਂ 'ਤੇ ਕੀਤਾ ਅੱਤਿਆਚਾਰ ਬੇਹੱਦ ਮੰਦਭਾਗਾ - ਭੱਠਲ

ਸਮੁੰਦੜਾ, 8 ਦਸੰਬਰ (ਤੀਰਥ ਸਿੰਘ ਰੱਕੜ) - ਆਪਣੀਆਂ ਹੱਕੀ ਮੰਗਾਂ ਲਈ ਸ਼ਾਂਤਮਈ ਤਰੀਕੇ ਨਾਲ ਦਿੱਲੀ ਜਾ ਰਹੇ ਕਿਸਾਨਾਂ 'ਤੇ ਹਰਿਆਣਾ ਪੁਲਿਸ ਵਲੋਂ ਕੀਤੇ ਗਏ ਲਾਠੀਚਾਰਜ ਅਤੇ ਛੱਡੇ ਗਏ ਅੱਥਰੂਗੈਸ ਦੇ ਗੋਲਿਆਂ ਨੇ ਕੇਂਦਰ ਅਤੇ ਹਰਿਆਣਾ ਦੀਆਂ ਭਾਜਪਾ ਸਰਕਾਰਾਂ ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਕਰਕੇ ਰੱਖ ਦਿੱਤਾ ਹੈ। ਦੇਸ਼ ਦੇ ਅੰਨਦਾਤੇ 'ਤੇ ਕੀਤਾ ਜਾ ਰਿਹਾ ਇਸ ਪ੍ਰਕਾਰ ਦਾ ਅੱਤਿਆਚਾਰ ਬੇਹੱਦ ਸ਼ਰਮਨਾਕ ਅਤੇ ਮੰਦਭਾਗਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜਸਵੰਤ ਸਿੰਘ ਭੱਠਲ ਪ੍ਰਧਾਨ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਪੰਜਾਬ ਵਲੋਂ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ ਬੱਬਰ ਡਾ. ਹਰਵਿੰਦਰ ਸਿੰਘ ਬਾਠ, ਐਡਵੋਕੇਟ ਜਸਵੀਰ ਸਿੰਘ ਰਾਏ, ਕੇਵਲ ਸਿੰਘ ਭੱਜਲਾਂ, ਸੱਜਣ ਸਿੰਘ ਧਮਾਈ, ਸਤਨਾਮ ਸਿੰਘ ਬੋੜਾ, ਰਾਣਾ ਧਮਾਈ, ਪ੍ਰਭਜੋਤ ਸਿੰਘ ਆਦਿ ਵੀ ਹਾਜ਼ਰ ਸਨ।

ਐਡਵੋਕੇਟ ਕੁਲਦੀਪ ਭੱਟੀ ਫਗਵਾੜਾ ਗੱਲਬਾਤ ਕਰਦੇ ਹੋਏ ਨਾਲ ਭੰਤੇ ਵਿਨੈ ਥੇਰੋ ਅਤੇ ਹੋਰ। ਤਸਵੀਰ : ਪ੍ਰੇਮੀ ਸੰਧਵਾਂ

ਡਾ. ਅੰਬੇਡਕਰ ਭਵਨ ਸੂੰਢ ਵਿਖੇ ਚੱਲ ਰਹੇ ਵਿਕਾਸ ਦੇ ਕਾਰਜਾਂ ਸਬੰਧੀ ਪ੍ਰਬੰਧਕਾਂ ਦੀ ਮੀਟਿੰਗ

ਕਟਾਰੀਆਂ, 8 ਦਸੰਬਰ (ਪ੍ਰੇਮੀ ਸੰਧਵਾਂ) - ਡਾ. ਬੀ. ਆਰ. ਅੰਬੇਡਕਰ ਭਵਨ ਸੂੰਢ ਵਿਖੇ ਚੱਲ ਰਹੇ ਵਿਕਾਸ ਕਾਰਜਾਂ ਸਬੰਧੀ ਐਡਵੋਕੇਟ ਕੁਲਦੀਪ ਭੱਟੀ ਫਗਵਾੜਾ ਪ੍ਰਧਾਨ ਡਾ. ਅੰਬੇਡਕਰ ਮੈਮੋਰੀਅਲ ਕਮੇਟੀ ਪੰਜਾਬ ਦੀ ਅਗਵਾਈ ਹੇਠ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਚੱਲ ਰਹੇ ਨਵੇਂ ਵਿਕਾਸ ਕਾਰਜਾਂ ਸਬੰਧੀ ਪ੍ਰਬੰਧਕਾਂ ਦੀ ਹੋਈ ਮੀਟਿੰਗ ਦੌਰਾਨ ਵਿਚਾਰ ਵਟਾਂਦਰਾ ਕੀਤਾ ਗਿਆ। ਐਡਵੋਕੇਟ ਕੁਲਦੀਪ ਭੱਟੀ ਫਗਵਾੜਾ ਨੇ ਦਾਨੀ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਦਾਨੀ ਵੀਰਾਂ ਦੀ ਬਦੌਲਤ ਹੀ ਡਾ. ਅੰਬੇਡਕਰ ਭਵਨ ਸੂੰਢ ਵਿਖੇ ਚੱਲ ਰਹੇ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਦਿਨ-ਬ-ਦਿਨ ਤਰੱਕੀ ਦੀਆਂ ਮੰਜ਼ਿਲਾਂ ਸਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਮਹੀਨਿਆਂ 'ਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਲਈ ਜਲਦ ਹੀ ਖੇਡ ਮੈਦਾਨ ਤਿਆਰ ਕੀਤਾ ਜਾਵੇਗਾ ਤਾਂ ਜੋ ਬੱਚੇ ਰੋਜ਼ਾਨਾ ਕਸਰਤ ਕਰਕੇ ਨਿਰੋਗ ਜਿੰਦਗੀ ਬਤੀਤ ਕਰਨ। ਐਡਵੋਕੇਟ ਕੁਲਦੀਪ ਭੱਟੀ ਨੇ ਕਿਹਾ ਕਿ ਜਿਨ੍ਹਾਂ ਵੀ ਦਾਨੀ ਸੱਜਣਾਂ ਨੇ ਭਵਨ ਜਾਂ ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਦੀ ਚੜ੍ਹਦੀ ਕਲਾ ਲਈ ਮਦਦ ਕਰਨੀ ਹੋਵੇ ਉਹ ਕਿਸੇ ਵੀ ਕਮੇਟੀ ਮੈਂਬਰ ਨਾਲ ਰਾਬਤਾ ਕਰ ਸਕਦੇ ਹਨ। ਇਸ ਮੌਕੇ ਭੰਤੇ ਵਿਨੈ ਥੇਰੋ, ਕਸ਼ਮੀਰੀ ਲਾਲ ਝੱਲੀ ਫਗਵਾੜਾ, ਪ੍ਰਵੀਨ ਬੰਗਾ, ਹਰਮੇਸ਼ ਵਿਰਦੀ, ਇੰਦਰਜੀਤ ਅਟਾਰੀ, ਮਹੇਸ਼ ਕੁਮਾਰ ਮੰਗਾ, ਅਮਰ ਚੰਦ ਅਟਾਰੀ, ਬਹਾਦਰ ਰਾਮ, ਸੁਲਿੰਦਰ ਪਾਲੇ ਹੀਰਾ, ਦੀਨ ਦਿਆਲ ਆਦਿ ਹਾਜ਼ਰ ਸਨ।

ਪਿੰਡ ਬਾਗੋਵਾਲ ਵਿਖੇ ਲੋਕਾਂ ਵਲੋਂ ਡਾ. ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਏ ਜਾਣ ਦਾ ਦ੍ਰਿਸ਼। ਤਸਵੀਰ : ਬਲਦੇਵ ਸਿੰਘ ਪਨੇਸਰ

ਪਿੰਡ ਬਾਗੋਵਾਲ ਵਿਖੇ ਡਾ. ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾਇਆ

ਕਾਠਗੜ੍ਹ, 8 ਦਸੰਬਰ (ਬਲਦੇਵ ਸਿੰਘ ਪਨੇਸਰ, ਹਰਸਿਮਰਨਜੋਤ ਸਿੰਘ ਕਲੇਰ) - ਪਿੰਡ ਬਾਗੋਵਾਲ ਵਿਖੇ ਡਾ. ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਮਨਾਇਆ ਗਿਆ। ਇਸ ਮੌਕੇ ਬਾਬਾ ਸਾਹਿਬ ਦੀ ਪ੍ਰਤਿਮਾ 'ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਜਸਪਾਲ ਸਿੰਘ ਬਾਗੋਵਾਲ, ਹਰਮੇਸ਼ ਲਾਲ ਪੰਚ, ਸੁਰਜੀਤ ਸਿੰਘ ਅਤੇ ਜਗਤਾਰ ਸਿੰਘ ਨੇ ਕਿਹਾ ਕਿ ਸਾਨੂੰ ਸਾਰੇ ਨਾਗਰਿਕਾਂ ਨੂੰ ਬਾਬਾ ਸਾਹਿਬ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕਰਨਾ ਚਾਹੀਦਾ ਹੈ। ਇਸ ਮੌਕੇ ਹਾਜ਼ਰ ਪਤਵੰਤਿਆਂ ਵਲੋਂ ਬਾਬਾ ਸਾਹਿਬ ਦੀ ਪ੍ਰਤਿਮਾ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਅਜੈ ਕੁਮਾਰ, ਉਂਕਾਰ ਮਿਸਤਰੀ, ਰਜਿੰਦਰ ਕੌਰ ਪੰਚ, ਪ੍ਰਵੀਨ ਕੁਮਾਰੀ ਪੰਚ, ਸੱਤਿਆ ਦੇਵੀ, ਕਮਲਾ ਦੇਵੀ, ਕੁਲਵਿੰਦਰ ਕੌਰ, ਪੂਜਾ ਰਾਣੀ, ਅਮਰਜੀਤ ਕੌਰ ਅਤੇ ਰੋਹਿਤ ਕੁਮਾਰ ਆਦਿ ਹਾਜ਼ਰ ਸਨ।

ਗੁਰਦੁਆਰਾ ਸਿੰਘ ਸਭਾ ਹੀਉਂ ਵਿਖੇ ਹੋਏ ਸ਼ਹੀਦੀ ਸਮਾਗਮ ਦੌਰਾਨ ਕੀਰਤਨ ਕਰਦਾ ਭਾਈ ਸੁਖਦੇਵ ਸਿੰਘ ਬੰਗਾ ਦਾ ਜਥਾ।

ਗੁਰਦੁਆਰਾ ਸਿੰਘ ਸਭਾ ਹੀਉਂ ਵਿਖੇ ਸ਼ਹੀਦੀ ਸਮਾਗਮ

ਬੰਗਾ, 8 ਦਸੰਬਰ (ਸੁਰਿੰਦਰ ਸਿੰਘ ਕਰਮ) - ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਸਮੂਹ ਸੰਗਤਾਂ ਵਲੋਂ ਗੁਰਦੁਆਰਾ ਸਿੰਘ ਸਭਾ ਹੀਉਂ ਵਿਖੇ ਮਨਾਇਆ ਗਿਆ। ਸੁਖਮਨੀ ਸਾਹਿਬ ਦੇ ਜਾਪ ਉਪਰੰਤ ਦੀਵਾਨ ਸਜਾਏ ਗਏ। ਭਾਈ ਸੁਖਦੇਵ ਸਿੰਘ ਬੰਗਾ ਦੇ ਜਥੇ ਵੱਲੋਂ ਗੁਰਬਾਣੀ ਦਾ ਵੈਰਾਗਮਈ ਕੀਰਤਨ ਕੀਤਾ ਗਿਆ ਅਤੇ ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਦੀ ਗੁਰੂ ਜੀ ਦੇ ਸਨਮੁੱਖ ਹੋਈ ਸ਼ਹੀਦੀ ਦਾ ਵਰਨਣ ਕੀਤਾ ਗਿਆ। ਭਾਈ ਮਲਕੀਤ ਸਿੰਘ ਨੇ ਸਮਾਪਤੀ ਦੀ ਅਰਦਾਸ ਕੀਤੀ। ਜਥੇਦਾਰ ਤਰਲੋਕ ਸਿੰਘ ਫਲੋਰਾ ਨੇ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਇੰਦਰਜੀਤ ਸਿੰਘ ਜੇ. ਈ, ਮੋਹਨ ਸਿੰਘ, ਦਰਸ਼ਨ ਸਿੰਘ ਖੋਜੀ, ਗੁਰਜੀਤ ਸਿੰਘ, ਗੁਰਪ੍ਰੀਤ ਸਿੰਘ, ਠੇਕੇਦਾਰ ਮਨਜੀਤ ਸਿੰਘ, ਨੰਬਰਦਾਰ ਨਿਸ਼ਾਨ ਸਿੰਘ, ਕੁਲਦੀਪ ਸਿੰਘ, ਜਤਿੰਦਰ ਖਾਲਸਾ, ਤਰਸੇਮ ਲਾਲ ਝੱਲੀ, ਅਸ਼ੋਕ ਕੁਮਾਰ, ਜੈਦੀਪ ਸਿੰਘ, ਦਿਲਜੀਤ ਸਿੰਘ, ਗੁਰਦੇਵ ਸਿੰਘ, ਜਗਦੇਵ ਸਿੰਘ, ਸੁਖਵਿੰਦਰ ਸਿੰਘ, ਰਾਜਵੀਰ ਕੌਰ, ਰਾਜਵਿੰਦਰ ਕੌਰ, ਜਸਵੀਰ ਕੌਰ, ਦਰਸ਼ਨ ਕੌਰ, ਗੁਰਮੀਤ ਕੌਰ, ਕੁਲਵੰਤ ਕੌਰ, ਕੁਲਦੀਪ ਕੌਰ, ਬਿਆਂਤਪ੍ਰੀਤ ਕੌਰ, ਸੱਤਿਆ ਚੌਧਰੀ ਨੰਬਰਦਾਰ, ਜੀਤ ਕੌਰ, ਮਨਕੀਰਤ ਕੌਰ, ਚੇਤਨਾ, ਸਰਨਜੀਤ ਕੌਰ ਫਲੋਰਾ ਹਾਜ਼ਰ ਸਨ।

ਬੀ.ਆਈ.ਐਸ ਵਲੋਂ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਆਪਕਾਂ ਲਈ ਦੋ ਰੋਜ਼ਾ ਵਰਕਸ਼ਾਪ

ਨਵਾਂਸ਼ਹਿਰ, 8 ਦਸੰਬਰ (ਜਸਬੀਰ ਸਿੰਘ ਨੂਰਪੁਰ, ਦੀਦਾਰ ਸਿੰਘ ਸ਼ੇਤਰਾ) - ਬੀ.ਆਈ.ਐਸ ਚੰਡੀਗੜ੍ਹ ਬ੍ਰਾਂਚ ਦਫ਼ਤਰ ਵੱਲੋਂ 'ਮਾਨਕਾਂ ਰਾਹੀਂ ਵਿਗਿਆਨ ਸਿੱਖਣਾ' ਵਿਸ਼ੇ 'ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਇੰਸ ਅਧਿਆਪਕਾਂ ਲਈ ਦੋ ਰੋਜ਼ਾ ਸਿਖਲਾਈ ਵਰਕਸ਼ਾਪ ਲਗਾਈ ਗਈ। ਇਸ ਪ੍ਰੋਗਰਾਮ 'ਚ ਕੁੱਲ 55 ਅਧਿਆਪਕਾਂ ਨੇ ਭਾਗ ਲਿਆ ਜਦਕਿ ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ ਅਮਰਜੀਤ ਖਟਕੜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਹ ਪ੍ਰੋਗਰਾਮ ਵਿਸ਼ਾਲ ਤੋਮਰ ਡਾਇਰੈਕਟਰ ਚੰਡੀਗੜ੍ਹ ਬ੍ਰਾਂਚ ਦਫ਼ਤਰ ਅਤੇ ਸਤਨਾਮ ਸਿੰਘ ਜ਼ਿਲ੍ਹਾ ਸਾਇੰਸ ਕੋਆਰਡੀਨੇਟਰ ਐਸ.ਬੀ.ਐਸ.ਨਗਰ ਦੀ ਦੇਖ-ਰੇਖ ਹੇਠ ਸਫ਼ਲਤਾ ਪੂਰਵਕ ਨੇਪਰੇ ਚੜ੍ਹਿਆ। ਅਭਿਸ਼ੇਕ ਕੁਮਾਰ ਸੰਯੁਕਤ ਨਿਰਦੇਸ਼ਕ ਨੇ ਭਾਗੀਦਾਰਾਂ ਨੂੰ ਸਕੂਲੀ ਵਿਦਿਆਰਥੀਆਂ 'ਚ ਮਾਨਕੀਕਰਨ ਅਤੇ ਗੁਣਵੱਤਾ ਦੀ ਧਾਰਨਾ ਪੈਦਾ ਕਰਨ ਲਈ ਕੀਤੀਆਂ ਪਹਿਲਕਦਮੀਆਂ ਬਾਰੇ ਜਾਗਰੂਕ ਕੀਤਾ। ਇਹ ਨੌਜਵਾਨ ਪੀੜ੍ਹੀ 'ਚ ਗੁਣਵੱਤਾ ਪ੍ਰਤੀ ਜਾਗਰੂਕਤਾ ਅਤੇ ਦੇਸ਼ 'ਚ ਇਕ ਗੁਣਵੱਤਾ ਈਕੋ-ਸਿਸਟਮ ਵਿਕਸਤ ਕਰਨ 'ਚ ਇਕ ਮੀਲ ਪੱਥਰ ਸਾਬਤ ਹੋਵੇਗਾ। ਅਭਿਸ਼ੇਕ ਕੁਮਾਰ ਨੇ ਗੁਣਵੱਤਾ ਅਤੇ ਮਾਨਕੀਕਰਨ ਦੇ ਸੰਕਲਪਾਂ ਅਤੇ ਮਾਨਕੀਕਰਨ, ਵਿਗਿਆਨ ਅਤੇ ਮਿਆਰ ਆਦਿ ਦੇ ਫਾਇਦਿਆਂ ਬਾਰੇ ਵਿਸਥਾਰਪੂਰਵਕ ਦੱਸਿਆ। ਦੂਜੇ ਅੱਧ 'ਚ ਸੌਰਭ ਵਰਮਾ ਡਿਪਟੀ ਡਾਇਰੈਕਟਰ ਨੇ ਆਇਰਨ ਐਂਡ ਗੈਸ ਸਟੋਵ ਦੀ ਉਦਾਹਰਨ ਦਿੰਦੇ ਹੋਏ ਵਿਗਿਆਨ ਵਿਸ਼ਿਆਂ ਨਾਲ ਮਿਆਰਾਂ ਨੂੰ ਜੋੜਨ 'ਚ ਸਲਾਹਕਾਰਾਂ ਦੀ ਭੂਮਿਕਾ ਬਾਰੇ ਭਾਗੀਦਾਰਾਂ ਨੂੰ ਚਾਨਣਾ ਪਾਇਆ। ਦੂਜੇ ਦਿਨ ਭਾਗੀਦਾਰਾਂ ਨੂੰ ਸਨਅਤੀ ਐਕਸਪੋਜ਼ਰ ਲਈ ਸ਼੍ਰੇਆਂਸ ਪੇਪਰ ਇੰਡਸਟਰੀ ਵਿਖੇ ਲਿਜਾਇਆ ਗਿਆ। ਨੀਰਜ ਮਹਿਤਾ ਨੇ ਭਾਗ ਲੈਣ ਵਾਲਿਆਂ ਦਾ ਸਵਾਗਤ ਕੀਤਾ ਅਤੇ ਪਲਾਈਵੁੱਡ ਮੈਨੂਫੈਕਚਰਿੰਗ ਨਾਲ ਸਬੰਧਤ ਵੱਖ-ਵੱਖ ਨਿਰਮਾਣ ਅਤੇ ਟੈਸਟਿੰਗ ਪ੍ਰਕਿਰਿਆਵਾਂ ਨਾਲ ਜਾਣੂੰ ਕਰਵਾਇਆ। ਭਾਗੀਦਾਰਾਂ ਨੂੰ ਪਾਠ ਯੋਜਨਾ ਤਿਆਰ ਕਰਨ ਲਈ ਵੱਖ-ਵੱਖ ਵਿਸ਼ੇ ਦਿੱਤੇ ਗਏ ਸਨ, ਜਿਨ੍ਹਾਂ 'ਤੇ ਬਾਅਦ ਵਿਚ ਸਮਾਪਤੀ ਸੈਸ਼ਨ 'ਚ ਪੇਸ਼ਕਾਰੀ ਦੇ ਨਾਲ ਚਰਚਾ ਕੀਤੀ ਗਈ। 52 ਪਾਠ ਯੋਜਨਾ ਦਾ ਇਕ ਸੈੱਟ ਸਾਰੇ ਸਕੂਲਾਂ ਦੇ ਸਲਾਹਕਾਰਾਂ ਨੂੰ ਵੰਡਿਆ ਗਿਆ। ਸਤਨਾਮ ਸਿੰਘ ਵੱਲੋਂ ਵਿਕਸਿਤ ਕੁਮਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਸਿੱਖਿਆ ਵਿਭਾਗ ਐਸ. ਬੀ. ਐਸ ਨਗਰ ਪੂਰੀ ਤਨਦੇਹੀ ਨਾਲ ਇਸ ਪ੍ਰੋਗਰਾਮ ਨੂੰ ਸਕੂਲਾਂ 'ਚ ਲਾਗੂ ਕਰੇਗਾ।

ਬੀ.ਆਈ.ਐਸ ਵਲੋਂ ਸ਼ਹੀਦ ਭਗਤ ਸਿੰਘ ਨਗਰ ਦੇ ਅਧਿਆਪਕਾਂ ਲਈ ਲਗਾਈ ਵਰਕਸ਼ਾਪ ਦੇ ਦ੍ਰਿਸ਼।

ਰੋਜ਼ਾ ਸ਼ਰੀਫ਼ ਮੰਢਾਲੀ ਵਿਖੇ ਸਾਲਾਨਾ ਮੇਲੇ ਦੀਆਂ ਤਿਆਰੀਆ ਜ਼ੋਰਾਂ 'ਤੇ

ਬਹਿਰਾਮ/ਮੇਹਲੀ, 8 ਦਸੰਬਰ (ਨਛੱਤਰ ਸਿੰਘ/ਸੰਦੀਪ ਸਿੰਘ) - ਦਰਬਾਰ ਸਯਦ ਉੱਲ ਸ਼ੇਖ ਬਾਬਾ ਅਬਦੁੱਲਾ ਸ਼ਾਹ ਕਾਦਰੀ, ਰੌਜ਼ਾ ਸ਼ਰੀਫ਼ ਮੰਢਾਲੀ ਵਿਖੇ ਸਾਬਰ ਦਾਤਾ ਅਲੀ ਅਹਿਮਦ ਸ਼ਾਹ ਕਾਦਰੀ ਦੀ ਯਾਦ 'ਚ ਸਾਲਾਨਾ ਜੋੜ ਮੇਲਾ ਗੱਦੀ ਨਸ਼ੀਨ ਸਾਈਂ ਉਮਰੇ ਸ਼ਾਹ ਕਾਦਰੀ ਦੀ ਰਹਿਨੁਮਾਈ ਹੇਠ 12-13-14 ਦਸੰਬਰ 2024 ਨੂੰ ਮਨਾਇਆ ਜਾ ਰਿਹਾ ਹੈ। ਜਾਣਕਾਰੀ ਦਿੰਦਿਆਂ ਸਾਈਂ ਉਮਰੇ ਸ਼ਾਹ ਕਾਦਰੀ ਨੇ ਦੱਸਿਆ ਕਿ ਮੇਲੇ ਦੀਆਂ ਤਿਆਰੀਆਂ ਜੋਰਾਂ 'ਤੇ ਚੱਲ ਰਹੀਆ ਹਨ। 12 ਦਸੰਬਰ ਸ਼ਾਮ ਨੂੰ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ ਚਿਰਾਗਾਂ ਦੀ ਰਸਮ ਹੋਵੇਗੀ। 13 ਦਸੰਬਰ ਤੋਂ ਪੰਜਾਬ ਦੇ ਮਸ਼ਹੂਰ ਕਲਾਕਾਰ ਅਤੇ ਕਵਾਲ ਪਾਰਟੀਆਂ ਹਾਜ਼ਰੀਆਂ ਭਰਨਗੇ। 14 ਦਸੰਬਰ ਨੂੰ ਚਾਦਰ ਦੀ ਰਸਮ ਨਾਲ ਮੇਲਾ ਸੰਪਨ ਹੋਵੇਗਾ। ਉਨ੍ਹਾਂ ਹੋਰ ਕਿਹਾ ਕਿ ਮੇਲੇ ਨੂੰ ਚਾਰ ਚੰਨ ਲਗਾਉਣ ਲਈ ਵੱਖ-ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਇਸ ਮੌਕੇ ਸਾਈਂ ਉਮਰੇ ਸ਼ਾਹ ਕਾਦਰੀ, ਮੁਹੰਮਦ ਆਸ਼ਿਕ ਨੀਲਾ, ਡਾ. ਸਤਨਾਮ ਪਰਸੋਵਾਲ, ਸੋਨੂੰ ਜੱਸੋਮਜਾਰਾ, ਗੋਰਾ ਚੱਕ ਪ੍ਰੇਮਾ, ਚਰਨਜੀਤ, ਡਾ. ਜਗਦੀਸ਼ ਮੁਹੰਮਦ, ਜੈ ਰਾਮ ਖੋਥੜਾਂ, ਨੂਰ ਮੁਹੰਮਦ, ਪੱਪੀ ਅਨੀਹਰ, ਹਰਪ੍ਰੀਤ ਜੱਖੂ, ਰਜਿੰਦਰ ਥਾਪਰ, ਚੰਨੀ ਖੋਥੜਾਂ, ਬੰਟੀ, ਜੀਤਾ ਆਦਿ ਹਾਜ਼ਰ ਸਨ।

ਮੇਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਸਾਂਈ ਉਮਰੇ ਸ਼ਾਹ ਕਾਦਰੀ।

ਪਿੰਡ ਰੈਲਮਾਜਰਾ ਦੀ ਮਸੀਤ 'ਤੇ ਕਰਵਾਏ ਸਾਲਾਨਾ ਜਲਸਾ ਸਮਾਗਮ ਦਾ ਦ੍ਰਿਸ਼। ਤਸਵੀਰ : ਹਰਸਿਮਰਨ ਜੋਤ ਸਿੰਘ ਕਲੇਰ

ਪਿੰਡ ਰੈਲਮਾਜਰਾ ਦੀ ਮਸੀਤ 'ਚ ਮੁਸਲਮਾਨ ਭਾਈਚਾਰੇ ਵਲੋਂ ਸਲਾਨਾ ਜਲਸਾ ਸਮਾਗਮ ਕਰਵਾਇਆ

ਕਾਠਗੜ੍ਹ/ਰੈਲਮਾਜਰਾ, 8 ਦਸੰਬਰ (ਹਰਸਿਮਰਨ ਜੋਤ ਸਿੰਘ ਕਲੇਰ, ਸੁਭਾਸ਼ ਟੌਂਸਾ) - ਪਿੰਡ ਰੈਲਮਾਜਰਾ ਦੀ ਮਸੀਤ 'ਚ ਮੁਸਲਮਾਨ ਭਾਈਚਾਰੇ ਵਲੋਂ ਸਲਾਨਾ ਜਲਸਾ ਸਮਾਗਮ ਕਰਵਾਇਆ ਗਿਆ। ਇਸ ਜਲਸੇ 'ਚ ਦੂਰੋਂ-ਦੂਰੋਂ ਮੁਸਲਮਾਨ ਭਾਈਚਾਰੇ ਨਾਲ ਸਬੰਧਿਤ ਵਿਅਕਤੀ, ਔਰਤਾਂ ਅਤੇ ਬੱਚਿਆਂ ਨੇ ਸ਼ਮੂਲੀਅਤ ਕੀਤੀ। ਜਲਸੇ ਨੂੰ ਸੰਬੋਧਨ ਕਰਦਿਆਂ ਅਦਨਾਨ ਸਦੀਕੀ ਸਾਹਿਬ ਕਾਦੀਆਂ ਨੇ ਕਿਹਾ ਕਿ ਸਾਨੂੰ ਸਭ ਨੂੰ ਪ੍ਰੇਮ ਕਰਨਾ ਚਾਹੀਦਾ ਹੈ, ਚਾਹੇ ਵਿਅਕਤੀ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ। ਕਿਉਂਕਿ ਕੋਈ ਵੀ ਧਰਮ ਨਫ਼ਰਤ ਕਰਨੀ ਨਹੀਂ ਸਿਖਾਉਂਦਾ। ਹਰ ਸਮੇਂ ਸਭ ਦਾ ਭਲਾ ਮੰਗਣਾ ਚਾਹੀਦਾ ਹੈ। ਹਰ ਸਮੇਂ ਅੱਲਾ ਦਾ ਨਾਮ ਲੈਣਾ ਚਾਹੀਦਾ ਹੈ। ਮੀਆਂ ਜਾਵੇਦ ਅਹਿਮਦ ਨਾਇਕ ਰੈਲਮਾਜਰਾ ਨੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਸਮਾਜ ਸੇਵੀ ਸੱਤ ਪਾਲ, ਪੰਚ ਬਹਾਦਰ ਖਾਨ, ਜਗਤਾਰ ਖਾਨ, ਦਿਲਬਾਗ ਖਾਨ, ਗਿੱਟੂ ਖਾਨ, ਸੱਤਪਾਲ ਖਾਨ, ਰੂਪ ਲਾਲ, ਲਾਲੀ ਖਾਨ, ਹਮੀਦ ਖਾਨ, ਰਫੀਕ ਖਾਨ ਆਦਿ ਹਾਜ਼ਰ ਸਨ।

ਖੇਤੀਬਾੜੀ ਦਫ਼ਤਰ ਨੂੰ ਜਾਣ ਵਾਲਾ ਕੱਚਾ ਰਸਤਾ ਦਿਖਾਉਂਦੇ ਹੋਏ ਪਿੰਡ ਦੇ ਮੋਹਤਵਰ ਤੇ ਖੇਤੀਭਵਨ ਦੀ ਤਸਵੀਰ। ਤਸਵੀਰਾਂ : ਸਹੂੰਗੜਾ

ਖੇਤੀਬਾੜੀ ਦਫ਼ਤਰ ਨੂੰ ਜਾਂਦੇ ਕੱਚੇ ਰਸਤੇ ਨੂੰ ਬਣਾਉਣ ਦੀ ਮੰਗ

ਸੜੋਆ, 8 ਦਸੰਬਰ (ਸਹੂੰਗੜਾ) - ਬਲਾਕ ਸੜੋਆ 'ਚ ਅਕਾਲੀ ਭਾਜਪਾ ਸਰਕਾਰ ਵੇਲੇ ਖੇਤੀਬਾੜੀ ਭੌਂ ਅਤੇ ਖੇਤੀਭਵਨ ਪਰਖ ਪ੍ਰਯੋਗਸ਼ਾਲਾ ਦਾ ਉਦਘਾਟਨ ਉਸ ਵੇਲੇ ਦੇ ਖੇਤੀਬਾੜੀ ਮੰਤਰੀ ਗੁਰਦੇਵ ਸਿੰਘ ਬਾਦਲ ਨੇ 30-4-1999 ਨੂੰ ਕੀਤਾ ਸੀ ਤੇ ਉਸ ਵੇਲੇ